# AURAT DI TRASDI : 'PINJER' NOVEL

# ਔਰਤ ਦੀ ਤ੍ਰਾਸਦੀ: 'ਪਿੰਜਰ' ਨਾਵਲ

**ਸ੍ਰੀਮਤੀ ਅਕਵਿੰਦਰ ਕੌਰ** (Smt. Akwinder Kaur)

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,**

**ਪੀ.ਸੀ.ਐਮ. ਐੱਸ. ਡੀ. ਕਾਲਜ ਫ਼ਾਰ ਵੂਮੈਨ, ਜਲੰਧਰ (ਪੰਜਾਬ)**

Email ID: akwinderk657@gmail.com ਮੋਬਾਈਲ: +91-98772-45989

**ਸਾਰ (Abstract)**

*ਅੰਮ੍ਰਿਤਾ ਪ੍ਰੀਤਮ ਆਧੁਨਿਕ ਸਾਹਿਤ ਪਰੰਪਰਾ ਦੀ ਇੱਕ ਅਜਿਹੀ ਸ਼ਿਰੋਮਣੀ ਲੇਖਿਕਾ ਹੈ। ਜਿਸਦੇ ਰਚਨਾ ਜਗਤ ਦੀ ਇੱਕ ਮੂਲ ਇਕਾਈ ਇਸਤਰੀ ਸੰਵੇਦਨਾ ਵਜੋਂ ਪ੍ਰਤੱਖਮਾਨ ਹੈ। ਉਹ ਮਰਦ ਪ੍ਰਧਾਨ ਸਮਾਜ ਵਿਚ ਨਾਰੀ ਦੀ ਕਥਾ ਨੂੰ ਸੰਵੇਦਨਸ਼ੀਲ ਢੰਗ ਨਾਲ ਪ੍ਰਗਟਾਉਂਦੀ ਹੋਈ ਉਸਦੀ ਵਸਤੂਮੁਖੀ ਹੋਂਦ ਤੇ ਕਰਾਰਾ ਵਿਅੰਗ ਕਰਦੀ ਹੈ। ਸੁਤੰਤਰਤਾ ਦੇ ਅਭਾਵ ਵਿਚ ਵਿਚਰਦੀ ਇਸਤਰੀ ਦੇ ਮਾਨਸਕਿ ਦੁਖਾਂਤ ਨੂੰ ਜਿਥੇ ਉਹ ਲੋਕ ਪੱਧਰ ਤੇ ਦਵੰਦਾਤਮਕ ਰੂਪ ਵਿਚ ਚਿਤਰਦੀ ਹੈ। ਉਥੇ ਹੀ ਇਸਤਰੀ ਦੇ ਅਸਤਿੱਤਵੀ ਸੰਕਟਾਂ ਨੂੰ ਪੇਸ਼ ਕਰਨ ਲੱਗਿਆਂ, ਉਹ ਸਮੁੱਚੀ ਨਾਰੀ ਜਾਤੀ ਦੇ ਦੁਖਾਂਤ ਦਾ ਪ੍ਰਤੀਕ ਹੋ ਨਿਬੜਦੀ ਹੈ। ਉਹ ਜਿਥੇ ਜਾਗੀਰਦਾਰੀ ਨਿਜ਼ਾਮ ਵਿਚ ਔਰਤ ਦੀ ਅਪੂਰਨ ਤੇ ਗੁਲਾਮੀ ਭਰੀ ਜੀਵਨ ਵਿਧੀ ਨੂੰ ਗੈਰ ਅਮਾਨਵੀ ਵਰਤਾਰਿਆਂ ਦੇ ਸਿਖ਼ਰ ਵਜੋਂ ਦਰਸਾਉਂਦੀ ਹੈ, ਉਥੇ ਹੀ ਦੇਸ਼ ਵੰਡ ਸਮੇਂ ਫ਼ਿਰਕੂ ਫ਼ਸਾਦਾਂ ਵਿਚ ਇਸਤਰੀ ਪ੍ਰਤੀ ਅਪਣਾਈ ਪਸ਼ੂ ਬਿਰਤੀ ਨੂੰ ਉਸਦੀ ਪ੍ਰਤੱਖ ਹੋਂਦ ਦੇ ਵਿਘਟਨ ਵਜੋਂ ਰੂਪਮਾਨ ਕਰਦੀ ਸਮੁੱਚੇ ਮਰਦ ਪ੍ਰਧਾਨ ਸਮਾਜ ਨੂੰ ਤਿਖੇ ਵਿਅੰਗ ਦਾ ਨਿਸ਼ਾਨਾ ਬਣਾਉਂਦੀ ਹੈ.ਇਸ ਖੋਜ ਪਰਚੇ ਰਾਹੀਂ ਅੰਮ੍ਰਿਤਾ ਪ੍ਰੀਤਮ ਦੇ ਨਾਵਲ ਪਿੰਜਰ ਨੂੰ ਸਨਮੁੱਖ ਰੱਖ ਕੇ ਔਰਤ ਦੀ ਤ੍ਰਾਸਦੀ, ਚੀਸ, ਉਸਦੀਆਂ ਭਾਵਨਾਵਾਂ ਦਾ ਘਾਣ ਅਤੇ ਔਰਤ ਦਾ ਇੱਕ ਪਿੰਜਰ ਦੇ ਰੂਪ ਵਿਚ ਜੀਵਨ ਭੋਗਣਾ ਆਦਿ ਵੱਖ ਵੱਖ ਔਰਤ ਪਾਤਰਾਂ ਰਾਹੀਂ ਬਿਆਨਣ ਦਾ ਯਤਨ ਕੀਤਾ ਗਿਆ ਹੈ।*

***ਕੀਵਰਡ (Keyword): ਪਿੰਜਰ, ਔਰਤ, ਸੰਵੇਦਨਸ਼ੀਲ, ਦਰਿੰਦਗੀ, ਵਹਿਸ਼ੀਪੁਣਾ, ਸ਼ਰਨਾਰਥੀ, ਮਰਦ।***

ਸਾਹਿਤ ਦੀ ਚੇਟਕ ਅੰਮ੍ਰਿਤਾ ਪ੍ਰੀਤਮ ਨੂੰ ਆਪਣੇ ਪਿਤਾ ਸ੍ਰ.ਕਰਤਾਰ ਸਿੰਘ ਹਿੱਤਕਾਰੀ ਤੋਂ ਪ੍ਰਾਪਤ ਹੋਈ। ਘਰੇਲੂ ਸਾਹਤਿਕ ਮਾਹੌਲ ਹੋਣ ਕਰਕੇ ਅੰਮ੍ਰਿਤਾ ਨੂੰ ਬਚਪਨ ਤੋਂ ਹੀ ਲਿਖਣ ਦੀ ਜਾਗ ਲੱਗ ਗਈ ਸੀ। ਇਸ ਸ਼ੌਕ ਦੇ ਅੰਤਰਗਤ ਹੀ ਉਸਦੀ ਪਲੇਠੀ ਕਾਵਿ ਪੁਸਤਕ 'ਠੰਡੀਆਂ ਕਿਰਣਾਂ'1935 ਈ: ਰਾਹੀਂ ਕਾਵਿਕ ਸ਼ਬਦਾਂ ਦੇ ਸਫ਼ਰ ਦਾ ਆਗਾਜ਼ ਪੰਜਾਬੀ ਸਾਹਿਤ ਵਿਚ ਹੁੰਦਾ ਹੈ। ਅੰਮ੍ਰਿਤਾ ਪ੍ਰੀਤਮ ਦੀਆਂ ਪੰਜਾਬੀ ਸਾਹਿਤ ਜਗਤ ਵਿਚ ਕਲਮਬੱਧ ਕੀਤੀਆਂ ਰਚਨਾਵਾਂ ਦੀ ਲੜੀ ਬਹੁਤ ਲੰਮੇਰੀ ਹੈ। ਉਹਨਾਂ ਦੇ ਨਾਵਲ ਜਗਤ ਉਤੇ ਝਾਤ ਮਾਰੀਏ ਤਾਂ ਤੀਹ ਦੇ ਕਰੀਬ ਨਾਵਲਾਂ ਉਤੇ ਉਸਨੇ ਕਲਮ ਅਜ਼ਮਾਈ ਕੀਤੀ, ਜਿਨ੍ਹਾਂ ਵਿਚੋਂ ਜੈ ਸ੍ਰੀ (1946), ਡਾਕਟਰ ਦੇਵ (1949), ਆਲ੍ਹਣਾ (1952), ਅਸ਼ੂ (1958), ਇਕ ਸਵਾਲ (1959), ਇਕ ਸੀ ਅਨੀਤਾ (1964),ਚੱਕ ਨੰਬਰ ਛੱਤੀ (1964),ਜੇਬ ਕਤਰੇ (1971), ਅੱਗ ਦੀ ਲਕੀਰ (1974) ਆਦਿ ਦੇ ਨਾਂ ਲਏ ਜਾ ਸਕਦੇ ਹਨ। ਉਸਦੇ ਨਾਵਲਾਂ ਵਿਚ ਜਿੱਥੇ ਸਮਾਜਿਕ ਦੁਸ਼ਵਾਰੀਆਂ ਦਾ ਪ੍ਰਗਟਾਵਾ ਹੋਇਆ ਹੈ, ਉਥੇ ਇਸਤਰੀ ਦੇ ਦੁਖਾਂਤ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤਾ ਜਾਂਦਾ ਰਿਹਾ ਹੈ। ਅੰਮ੍ਰਿਤਾ ਦੇ ਨਾਵਲਾਂ ਦੇ ਵਿਸ਼ੇ ਬਾਰੇ ਪੁਸ਼ਟੀ ਕਰਦੇ ਹੋਏ ਡਾ. ਰਜਿੰਦਰ ਸਿੰਘ ਸੇਖੋਂ ਦੇ ਵਿਚਾਰ ਹਨ :

> *"ਆਪਣੇ ਪਹਿਲੇ ਨਾਵਲਾਂ ਵਿਚ ਉਹ 1947 ਦੇ ਵੰਡ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਉਸ ਤੋਂ ਬਾਅਦ ਵਾਲੇ ਨਾਵਲਾਂ ਵਿਚ ਉਹ ਪੁਰਸ਼ ਪ੍ਰਧਾਨ ਸਮਾਜ ਵੱਲੋਂ ਇਸਤਰੀ ਦੇ ਉੱਤੇ ਕੀਤੀਆਂ ਜਾਣ ਵਾਲੀਆਂ ਜ਼ਿਆਦਤੀਆਂ ਨੂੰ ਪੇਸ਼ ਕਰਦੀ ਹੈ।"*

ਅੰਮ੍ਰਿਤਾ ਨੇ ਖੁਦ ਇਕ ਨਾਰੀ ਹੋਣ ਦੇ ਨਾਤੇ ਔਰਤ ਦੀ ਇਸ ਸਥਿਤੀ ਨੂੰ ਹੰਢਾਇਆ ਅਤੇ ਸੂਖਮਭਾਵੀ ਸਾਹਿਤਕਾਰ ਹੋਣ ਦੇ ਨਾਤੇ ਉਸ ਦੇ ਮਨ ਵਿਚ ਇਸ ਪ੍ਰਬੰਧ ਵਿਰੁੱਧ ਇਕ ਰੋਸ ਉਤਪੰਨ ਹੋਇਆ ਅਤੇ ਸਾਹਿਤ ਵਿਚ ਇਸਤਰੀ ਦੀ ਇਸ ਵੇਦਨਾ ਨੂੰ ਬੜੇ ਦਿਲ ਵਿੰਨ੍ਹਵੇਂ ਅੰਦਾਜ਼ ਵਿਚ ਪੇਸ਼ ਕੀਤਾ। ਉਸ ਤੋਂ ਅਸੀਂ ਸਾਰੇ ਭਲੀਭਾਂਤ ਜਾਣੂ ਹਾਂ। ਮਰਦ ਨੇ ਹਮੇਸ਼ਾ ਹੀ ਔਰਤ ਉੱਤੇ ਆਪਣੀ ਜ਼ੋਰ ਅਜ਼ਮਾਇਸ਼ ਕੀਤੀ ਹੈ। ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਹੋਂਦ ਨੂੰ

ਗੁਲਾਮ,ਭੋਗ ਵਿਲਾਸ ਦੀ ਵਸਤੂ ਅਤੇ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੋਂ ਵੱਧ ਕੁਝ ਨਹੀਂ ਸਮਝਿਆ ਗਿਆ।

ਗਿਆਨਪੀਠ ਵਿਜੇਤਾ ਅੰਮ੍ਰਿਤਾ ਪ੍ਰੀਤਮ ਨੇ ਨਾਵਲ ਪਿੰਜਰ 1950 ਈ: ਵਿਚ ਪੰਜਾਬੀ ਭਾਸ਼ਾ ਦੀ ਝੋਲੀ ਪਾਇਆ ਇਸ ਨਾਵਲ ਦਾ ਕਈ ਹੋਰਨਾ ਭਾਸ਼ਾਵਾਂ ਵਿਚ ਅਨੁਵਾਦ ਹੋਇਆ ਜਿਵੇਂ ਹਿੰਦੀ ,ਅੰਗਰੇਜ਼ੀ ,ਮਰਾਠੀ ਗੁਜਰਾਤੀ ,ਉਰਦੂ ਅਤੇ ਮਲਯਾਲਮ ਆਦਿ। ਇਸ ਤੋਂ ਇਲਾਵਾ ਇਸ ਨਾਵਲ ਨੂੰ 2003 ਵਿਚ ਬਾਲੀਵੁੱਡ ਸਿਨੇਮਾ ਜਗਤ ਵੱਲੋਂ ਨਿਰਦੇਸ਼ਕ ਚੰਦਰ ਸ਼ੇਖਰ ਦਿਵੇਦੀ ਨੇ ਹਿੰਦੀ ਫ਼ਿਲਮ ਦਾ ਨਿਰਮਾਣ ਕੀਤਾ। ਅੰਮ੍ਰਿਤਾ ਦਾ ਪਿੰਜਰ ਨਾਵਲ ਉਨ੍ਹਾਂ ਔਰਤਾਂ ਦੀ ਬਾਤ ਪਾਉਂਦਾ ਹੈ ਜਿਨ੍ਹਾਂ ਨੇ ਆਪਣੀਆਂ ਸੱਧਰਾਂ ,ਉਮੰਗਾਂ ਇੱਛਾਵਾਂ ਨੂੰ ਸਦਾ ਲਈ ਮੌਤ ਦੀ ਨੀਂਦਰ ਸਵਾ ਦਿੱਤਾ ਹੋਵੇ ਤੇ ਇੱਕ ਬੇਜ਼ਾਨ ਪਿੰਜਰ ਵਾਂਗ ਵਿਚਰਦੀਆਂ ਜੀਵਨ ਹੰਢਾਉਂਦੀਆਂ ਮਾਨਸਿਕ ਸੰਤਾਪ ਦਾ ਸ਼ਿਕਾਰ ਬਣਦੀਆਂ ਹਨ, ਇਹੀ ਮਾਨਸਕਿ ਤ੍ਰਾਸਦੀ ਇਹਨਾਂ ਦੇ ਮਨ ਵਿਚ ਇੱਕ ਖਾਈ ਪੈਦਾ ਕਰਦੀ ਹੈ। ਦੇਸ਼ ਵੰਡ ਸਮੇਂ ਵਾਪਰੀ ਦੁੱਖਾਂਤਕ ਹੋਣੀ ਅਤੇ ਫ਼ੈਲੀ ਹੈਵਾਨੀਅਤ ਉਸ ਪਿਛਲੇ ਕਾਰਜਸ਼ੀਲ ਕਾਰਨ ਜਿਵੇਂ ਕੁੜੀਆਂ ਦੇ ਉਧਾਲੇ, ਜ਼ਬਰੀ ਵਿਆਹ ਕਰਵਾਉਣਾ, ਧਰਮ ਪਰਿਵਰਤਨ ,ਮਰਦ ਸ਼੍ਰੇਣੀ ਦੇ ਬਦਲੇ ਦੀ ਭਾਵਨਾ ਦਾ ਕੇਂਦਰ ਬਿੰਦੂ ਔਰਤ ਅਤੇ ਸਭ ਤੋਂ ਵੱਡਾ ਦੁਖਾਂਤ ਉਧਾਲੇ ਜਾਣ ਤੋਂ ਬਾਅਦ ਮਾਪਿਆਂ ਵੱਲੋਂ ਆਪਣੀ ਧੀ ਨੂੰ ਅਸਵੀਕਾਰ ਕਰਨਾ। ਨਾਵਲ ਪਿੰਜਰ ਦਾ ਕਥਾਨਕ 16 ਕਾਂਡਾਂ ਵਿਚ ਵੰਡਿਆ ਹੋਇਆ ਹੈ ,ਹਰੇਕ ਸਿਰਲੇਖ ਅਧੀਨ ਵੱਖ ਵੱਖ ਔਰਤ ਪਾਤਰ ਤ੍ਰਾਸਦੀ ਦਾ ਸ਼ਿਕਾਰ ਹੁੰਦੀ ਆਪਣੀਆਂ ਖੁਸ਼ੀਆਂ, ਖੁੱਲ੍ਹ ਕੇ ਜੀਵਨ ਦੇ ਜਿਉਣ ਦੇ ਸੁਪਨਿਆਂ ਦਾ ਗਲ਼ਾ ਘੁੱਟਦੀ ਨਜ਼ਰ ਆਉਂਦੀ ਹੈ। ਨਾਵਲ ਦੀ ਨਾਇਕਾ ਪੂਰੋ ਇੱਕ ਅਜਿਹੀ ਇਸਤਰੀ ਹੈ ਜਿਸ ਨੂੰ ਰਸ਼ੀਦਾ ਜਬਰਦਸਤੀ ਨਸਾ ਕੇ ਲੈ ਗਿਆ ਸੀ ਤੇ ਉਸ ਨਾਲ ਨਿਕਾਹ ਕਰਵਾ ਲਿਆ ਸੀ। ਪੂਰੋ ਜਦੋਂ ਗਰਭਵਤੀ ਹੁੰਦੀ ਹੈ ਤਾਂ ਉਸਨੂੰ ਆਮ ਮਾਵਾਂ ਵਰਗੀ ਖੁਸ਼ੀ ਤੇ ਹੁਲਾਸ ਮਹਿਸੂਸ ਨਹੀਂ ਹੁੰਦੀ ਸਗੋਂ ਉਸਨੂੰ ਆਪਣੇ ਆਪ ਤੋਂ ਕਚਹਿਣ ਆਉਂਦੀ ਹੈ ਉਸਨੂੰ ਨਾ ਚਾਹੁੰਦੇ ਹੋਏ ਵੀ ਅਜਿਹੇ ਮਰਦ ਦੇ ਬੱਚੇ ਦੀ ਮਾਂ ਬਣਨਾ ਪੈਂਦਾ ਹੈ ਜਿਸ ਨੂੰ ਨਾ ਉਸਦੇ ਮਨ ਨੇ ਸਵੀਕਾਰ ਕੀਤਾ ਤੇ ਨਾ ਹੀ ਤਨ ਨੇ। ਉਹ ਮਹਿਸੂਸ ਕਰਦੀ ਹੈ:-

*ਪੂਰੋ ਨੂੰ ਲੱਗਾ ਸਿਰ ਤੋਂ ਪੈਰਾਂ ਤੀਕਣ ਉਸ ਦਾ ਪਿੰਡਾ ਮਟਰਾਂ ਦੀ ਉਸ ਫਲੀ ਵਾਂਗਣ ਸੀ, ਜਿਸ ਦੇ ਅੰਦਰ ਮਟਰਾਂ ਦੇ ਸੁੱਚੇ ਦਾਣਿਆਂ ਦੀ ਥਾਂ ਇੱਕ ਗ਼ਲੀਜ਼ ਸੁੰਡੀ ਪਲਦੀ ਪਈ ਸੀ।*[2]

ਉਹ ਤਾਂ ਰਾਮ ਚੰਦ ਜਿਸ ਨਾਲ ਉਸ ਦਾ ਰਿਸ਼ਤਾ ਤੈਅ ਹੋਇਆ ਸੀ ,ਮਨ ਹੀ ਮਨ ਉਸ ਨਾਲ ਵਿਚਰਨ ਦੇ ਸੁਪਨੇ ਸਜਾ ਬੈਠੀ ਸੀ। ਪਰ ਅਚਾਨਕ ਜ਼ਿੰਦਗੀ ਵਿਚ ਇੱਕ ਅਜਿਹੀ ਅਣਹੋਣੀ ਵਾਪਰਦੀ ਹੈ ਕਿ ਬਜ਼ੁਰਗਾਂ ਦੀ ਕੀਤੀ ਗਲਤੀ ਕਾਰਨ ਪੂਰੋ ਨੂੰ ਆਪਣੀ ਜ਼ਿੰਦਗੀ ਦੇ ਸੁਪਨਿਆਂ ਦੀ ਬਲੀ ਦੇਣੀ ਪਈ। ਪੁਰਾਣੀ ਪਰਿਵਾਰਿਕ ਦੁਸ਼ਮਣੀ ਪੂਰੋ ਦੇ ਸਾਰੇ ਚਾਵਾਂ ਖੁਸ਼ੀਆਂ ਨੂੰ ਖ਼ੂਹ 'ਚ ਧੱਕਾ ਦੇ ਦਿੰਦੀ ਹੈ। ਦੋ ਟੱਬਰਾਂ ਦੇ ਦਰਮਿਆਨ ਬਦਲੇ ਦੀ ਭਾਵਨਾ ਦਾ ਕੇਂਦਰ ਬਿੰਦੂ ਔਰਤ ਨੂੰ ਰੱਖਿਆ ਗਿਆ ਹੈ। ਜੋ ਪੂਰੋ ਦੇ ਬਜ਼ੁਰਗਾਂ ਨੇ ਰਸ਼ੀਦੇ ਦੀ ਭੂਆ ਨਾਲ ਕੀਤਾ ਸੀ ਹੋਈ ਰਸ਼ੀਦੇ ਦੇ ਬਜ਼ੁਰਗਾਂ ਨੇ ਰਸ਼ੀਦੇ ਨੂੰ ਸੁੰਹ ਖਵਾ ਕੇ ਪੂਰੋ ਨਾਲ ਕਰਨ ਲਈ ਮਜ਼ਬੂਰ ਕੀਤਾ।

*"ਤੇਰੇ ਦਾਦੇ ਨੇ ਪੰਜਾਂ ਸ਼ੈਆਂ ਤੋਂ ਗਿਰਵੀ ਰੱਖੇ ਹੋਏ ਸਾਡੇ ਕੋਠੇ ਉੱਤੇ ਵਿਆਜ਼ ਦਰ ਵਿਆਜ਼ ਲਾਏ ਸਨ ਤੇ ਫਿਰ ਕੁਰਕੀ ਕਰਾ ਕੇ ਸ਼ੇਖਾਂ ਦੇ ਘਰਾਣੇ ਨੂੰ ਘਰੋਂ ਬੇਘਰ ਕੀਤਾ ਸੀ .......ਮੁਨਸ਼ੀਆਂ ਕਰਿੰਦਿਆਂ ਨੇ ਸਾਡੇ ਘਰਾਂ ਦੀਆਂ ਤੀਵੀਆਂ ਨੂੰ ਕਈ ਬੋਲ ਕਬੋਲ ਬੋਲੇ ਤੇ ਮੇਰੇ ਦਾਦੇ ਦੀ ਵੱਡੀ ਧੀ ਨੂੰ ਜ਼ੋਰੀ ਤੇਰੇ ਦਾਦੇ ਦੇ ਵੱਡੇ ਪੁੱਤਰ ਨੇ ਤ੍ਰੈ ਰਾਤਾਂ ਆਪਣੇ ਘਰ ਰੱਖਿਆ।*[3]

ਪੂਰੋ ਦੀ ਦੁਖਾਂਤਕ ਤ੍ਰਾਸਦੀ ਉਸ ਵੇਲੇ ਸਿਖਰਾਂ ਤੇ ਅੱਪੜ ਜਾਂਦੀ ਹੈ ਜਦੋਂ ਉਹ ਰਸ਼ੀਦੇ ਕੋਲੋਂ ਦੋੜ ਕੇ ਆਪਣੇ ਘਰ ਮਾਪਿਆਂ ਕੋਲ ਵਾਪਸ ਜਾਂਦੀ ਹੈ ਪਰ ਮਾਪੇ ਉਧਾਲੇ ਤੋਂ ਬਾਅਦ ਧੀ ਨੂੰ ਅਸਵੀਕਾਰ ਕਰਦੇ ਹਨ। ਉਸ ਵੇਲੇ ਪੂਰੋ ਦੋਹਰਾ ਸੰਤਾਪ ਹੰਡਾਉਂਦੀ ਹੈ ਮਾਪਿਆਂ ਵੱਲੋਂ ਅਸਵੀਕਾਰ ਕਰਨਾ ਤੇ ਰਾਮ ਚੰਦ ਨਾਲ ਵੇਖੇ ਸੁਪਨਿਆਂ ਦਾ ਟੁੱਟਣਾ:-

*"ਉਹ ਬੇਗੁਨਾਹ ਸੀ, ਉਹ ਮੰਨ ਨਹੀਂ ਸੀ ਸਕਦੀ ਕਿ ਕਿਵੇਂ ਉਸਦੀ ਮਾਂ ਪੱਥਰ ਹੋ ਜਾਏਗੀ ਕਿਵੇਂ ਉਸਦਾ ਪਿਉ ਲੋਹਾ ਬਣ ਜਾਵੇਗਾ , ਕਿਵੇਂ ਉਹ ਆਪਣੀ ਧੀ ਨੂੰ ਆਪਣੇ ਘਰੋਂ ਧਿਰਕਾਰ ਦੇਣਗੇ ਕਿਵੇਂ ਉਹਦੇ ਘਰ ਦੀਆਂ ਮੁਹਾਠਾਂ ਉਸ ਨੂੰ ਅੰਦਰ ਵੜਨ ਤੋਂ ਇਨਕਾਰ ਕਰ ਦੇਣਗੀਆਂ।"*[4]

ਇੰਜ ਹੀ ਪਿੰਜਰ ਨਾਵਲ ਵਿਚਲੀ ਪਾਤਰ ਤਾਰੋ ਮਾਨਸਿਕ ਦੁਖਾਂਤ ਦਾ ਸ਼ਿਕਾਰ ਬਣਦੀ ਹੈ ਜਦੋਂ ਉਸਨੂੰ ਪਤਾ ਲੱਗਦਾ ਹੈ ਕਿ ਉਸਦੇ ਪਤੀ ਨੇ ਇੱਕ ਹੋਰ ਔਰਤ ਰੱਖੀ ਹੋਈ ਹੈ ਇਸ ਤਰ੍ਹਾਂ ਨਾਵਲ ਵਿਚ ਮਰਦਾਂ ਵੱਲੋਂ ਇੱਕ ਤੋਂ ਵਧੇਰੇ ਔਰਤਾਂ ਰੱਖਣ ਦੀ ਕੋਹਝੀ ਕਰਤੂਤ ਵੀ ਸਾਹਮਣੇ ਆਉਂਦੀ ਹੈ।

*"ਮੇਰੇ ਮਰਦ ਕੋਲ ਮੇਰੀ ਜੋਗੀ ਥਾਂ ਨਹੀਂ ਕਿਉਂਕਿ ਉਹਦਾ ਦਿਲ ਤੇ ਉਹਦਾ ਘਰ ਕਿਸੇ ਹੋਰ ਤੀਵੀਂ ਨਾਲ ਮੱਲਿਆ ਹੋਇਆ ਏ।"*[5]

ਮਰਦ ਪ੍ਰਧਾਨ ਸਮਾਜ ਵਿਚ ਜਿੱਥੇ ਸਮਾਜਿਕ ਉੱਚਤਾ ਬਣਾਈ ਰੱਖਣ ਲਈ ਜਾਤੀਗਤ ਵੱਖਰੇਵੇਂ ਤਾਂ ਅਹਿਮੀਅਤ ਰੱਖਦੇ ਹਨ ਪਰੰਤੂ ਔਰਤ ਦੀਆਂ ਭਾਵਨਾਵਾਂ ਜਾਂ ਖੁਸ਼ੀਆਂ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ।

*"ਦੂਜੇ ਦੇ ਦੁੱਖ ਨੂੰ ਕੌਣ ਜਾਣਦਾ ਏ ਭੈਣੇ ! ਨਾਲੇ ਉਹ ਆਂਹਦੇ ਨੇ ਅਸੀਂ ਰੋਟੀ ਦੇਨੇ ਆਂ ਕੱਪੜਾ ਦੇਨੇ ਆਂ ਸੌਖਾ ਹੱਥ ਏ, ਫਿਰ ਦੁੱਖ ਕਾਹਦਾ।"[6]*

ਲੇਖਿਕਾ ਤਾਰੋ ਦੇ ਪਾਤਰ ਰਾਹੀਂ ਇਹ ਪੇਸ਼ ਕਰਨਾ ਚਾਹੁੰਦੀ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀਆਂ ਭਾਵਨਾਵਾਂ ਨੂੰ ਨਾ ਉਸ ਦਾ ਪਤੀ, ਨਾ ਸਹੁਰੇ ਅਤੇ ਨਾ ਹੀ ਮਾਪੇ ਸਮਝਦੇ ਹਨ ਤਾਰੋ ਦੀ ਮਾਂ ਵੀ ਉਸਦੀ ਸਥਿਤੀ ਨੂੰ ਸਮਝਣ ਦਾ ਯਤਨ ਨਹੀਂ ਕਰਦੀ:

*"ਧੀਏ! ਅਸਾਂ ਧੀ ਜੋ ਦਿੱਤੀ ,ਸਾਡਾ ਮੂੰਹ ਨੂੜਿਆ ਗਿਆ ,ਅਸੀਂ ਹੁਣ ਕੀ ਬੋਲ ਸਕਦੇ ਆਂ,ਉਹ ਚੰਗੀ ਕਰੇ, ਮਾੜੀ ਕਰੇ ,ਮਰਦ ਦੀ ਜ਼ਾਤ ਏ।" [7]*

ਪਿੰਜਰ ਨਾਵਲ ਵਿਚ ਇੱਕ ਅਜਿਹੀ ਔਰਤ ਦੀ ਤ੍ਰਾਸਦਿਕ ਅਵਸਥਾ ਦਾ ਪ੍ਰਗਟਾਵਾ ਕੀਤਾ ਗਿਆ ਹੈ ਜਿਹੜੀ ਮਰਦਾਂ ਦੀ ਘਿਨਾਉਣੀ ਕਰਤੂਤ ਦਾ ਸ਼ਿਕਾਰ ਹੁੰਦੀ ਹੈ। ਝੱਲੀ ਅਜਿਹੀ ਪਾਤਰ ਹੈ , ਜਿਹੜੀ ਮਾਨਸਕਿ ਸੰਤੁਲਨ ਗਵਾ ਚੁੱਕੀ ਹੈ ਪਰ ਮਰਦਾਂ ਦੀ ਕੋਹਝੀ ਹਵਸ ਦੀ ਸ਼ਿਕਾਰ ਹੁੰਦੀ , ਅਖੀਰੀ ਜਣੇਪੇ ਦੀਆਂ ਪੀੜਾਂ ਸਹਿੰਦੀ ਪੁੱਤਰ ਨੂੰ ਜਨਮ ਦੇ ਕੇ ਇਸ ਫ਼ਾਨੀ ਸੰਸਾਰ ਤੋਂ ਰੁਖ਼ਸਤ ਕਰ ਜਾਂਦੀ ਹੈ।

*"ਉਹ ਕਿਹੋ ਜਿਹਾ ਮਰਦ ਹੋਵੇਗਾ, ਉਹ ਕਿਹੋ ਜਿਹਾ ਵਹਿਸ਼ੀ ਹੋਵੇਗਾ। ਜਿਨ੍ਹੇ ਇਹੋ ਜਿਹੀ ਝੱਲੀ ਤ੍ਰੀਮਤ ਦਾ ਇਹ ਹਾਲ ਕਰ ਦਿਤਾ ,ਸਾਰੀਆਂ ਔਰਤਾਂ ਤ੍ਰਾਸ ਤ੍ਰਾਸ ਕਰਦੀਆਂ।"[8]*

ਮਰਦ ਦੀ ਕਾਮੁਕ ਪ੍ਰਵਿਰਤੀ ਦੀ ਹਵਸ ਤੇ ਦਰਿੰਦਗੀ ਦੀ ਸ਼ਿਕਾਰ ਬੇਵਸ, ਬੇਸਹਾਰਾ ,ਬੇਘਰ ਝੱਲੀ ਔਰਤ ਦੇ ਦੁਖਾਂਤਕ ਅੰਤ ਦਾ ਕਾਰਨ ਬਣਦੀ ਹੈ। ਇਥੋਂ ਤੱਕ ਕਿ ਉਸਦੀ ਔਲਾਦ ਨੂੰ ਵੀ ਸੰਪਰਦਾਇਕ ਭੇਦਭਾਵ ਅਤੇ ਕਸ਼ਟ ਸਹਾਰਨੇ ਪੈਂਦੇ ਹਨ।

ਪਿੰਜਰ ਨਾਵਲ ਵਿਚਲੀਆਂ ਔਰਤ ਪਾਤਰਾਂ ਦੀ ਮਾਨਸਿਕ ਤ੍ਰਾਸਦੀ ਦਾ ਕਾਰਨ ਮਰਦ ਹੀ ਹੈ। ਜਿਵੇਂ ਪੂਰੋ ਦੇ ਮਾਪਿਆਂ ਤੋਂ ਬਦਲਾ ਲੈਣ ਲਈ ਰਸ਼ੀਦੇ ਨੇ ਉਹਨਾਂ ਦੀ ਧੀ ਨੂੰ ਨਿਸ਼ਾਨਾ ਬਣਾਇਆ, ਇੰਜ ਹੀ ਤਾਰੋ ਦੁੱਖ ਭੋਗਦੀ ਹੈ ਕਿਉਂਕਿ ਉਸਦੇ ਮਾਪੇ ,ਉਸਦੇ ਪਤੀ ਅਤੇ ਉਸ ਦੇ ਸਹੁਰਾ ਪਰਿਵਾਰ ਦਾ ਕੋਈ ਵਿਰੋਧ ਨਹੀਂ ਕਰਦੇ। ਕੰਮੋ ਵੀ ਅਜਿਹੀ ਪਾਤਰ ਹੈ ਜਿਹੜੀ ਮਾਂ ਮਹਿੱਟਰ ਹੈ ਤੇ ਪਿਉ ਉਸਨੂੰ ਛੱਡ ਕੇ ਸ਼ਹਿਰ ਵਿਚ ਕਿਸੇ ਹੋਰ ਔਰਤ ਨਾਲ ਰਹਿਣ ਲੱਗਦਾ ਹੈ। ਪਿੰਜਰ ਨਾਵਲ ਵਿਚ ਕੰਮੋ ਦੀ ਚਾਚੀ ਦੁਆਰਾ ਉਸ ਨੂੰ ਤਾਨੇ ਮਿਹਣੇ ਤੋਂ ਇੱਕ ਹੋਰ ਗੱਲ ਉਜਾਗਰ ਹੁੰਦੀ ਹੈ ਕਿ ਔਰਤ ਵੀ ਔਰਤ ਦਾ ਸਾਥ ਨਹੀਂ ਦਿੰਦੀ ਸਗੋਂ ਬਾਲੜੀ ਕੰਮੋ ਨਾਲ ਹਮਦਰਦੀ ਰੱਖਣ ਦੀ ਥਾਂ ਚਾਚੀ ਉਸ ਨੂੰ ਤਾਨੇ ਦਿੰਦੀ ਆਖਦੀ ਹੈ

*"ਜੰਮ ਸਾੜ ਕੇ ਸਾਡੇ ਜੋਗੀ ਧਰ ਗਏ ਨੇ"[9]*

ਚਾਚੀ ਉਸ ਨਾਲ ਬਦਤਰ ਸਲੂਕ ਕਰਦੀ ਨਾ ਉਸ ਨੂੰ ਸਮੇਂ ਸਿਰ ਖਾਣਾ ਦਿੰਦੀ ਤੇ ਨਾ ਹੀ ਕੱਪੜੇ ਤੇ ਜੁੱਤੀ ਉਸ ਨੂੰ ਜੁੜਦੀ, ਸਗੋਂ ਕੰਮ ਚ ਮਾੜੀ ਜਿਹੀ ਢਿੱਲ ਹੋਣ ਤੇ ਮਾਰ ਦਾ ਸ਼ਿਕਾਰ ਹੋਣਾ ਪੈਂਦਾ। ਇਸ ਤਰ੍ਹਾਂ ਮਾਂ ਮਹਿੱਟਰ ਕੰਮੋ ਦੀ ਸਥਿਤੀ ਦੁਖਾਂਤਕ ਹੈ।

ਮਰਦ ਦੀ ਕਾਮੁਕ ਦਰਿੰਦਗੀ ਅਤੇ ਵਹਿਸ਼ੀਪੁਣੇ ਦਾ ਸ਼ਿਕਾਰ 1947 ਈ: ਵੇਲੇ ਬਣੇ ਸ਼ਰਨਾਰਥੀ ਕੈਂਪਾਂ ਵਿਚ ਰਹਿੰਦਿਆਂ ਔਰਤ ਬਣਦੀ ਹੈ। ਮੁਸਲਮਾਨ ਆਦਮੀ ਹਿੰਦੂਆਂ ਦੀਆਂ ਧੀਆਂ ਨੂੰ ਰਾਤ ਦੇ ਹਨ੍ਹੇਰੇ ਵਿਚ ਚੋਰੀ ਚੁੱਕ ਕੇ ਲੈ ਜਾਂਦੇ ਉਨ੍ਹਾਂ ਦੀ ਬੇਪਤੀ ਕਰਦੇ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਵਾਪਸ ਕੈਂਪ ਵਿਚ ਛੱਡ ਜਾਂਦੇ। ਇਸ ਤਰ੍ਹਾਂ ਧੀਆਂ ਰੋਜ਼ਾਨਾ ਹੀ ਮੁਸਲਮਾਨ ਮਰਦਾਂ ਦੇ ਜ਼ੁਲਮ ਦਾ ਸ਼ਿਕਾਰ ਬਣਦੀਆਂ ਤੇ ਦੁਖਾਂਤ ਭੋਗਦੀਆਂ। ਪੂਰੋ ਤੇ ਅਣਜਾਣ ਕੁੜੀ ਦੀ ਵਾਰਤਾਲਾਪ ਰਾਹੀਂ ਔਰਤਾਂ ਦੀ ਦਰਦਮਈ ਸਥਿਤੀ ਨੂੰ ਬਿਆਨ ਕੀਤਾ ਗਿਆ ਹੈ।

*"ਪਰ ਰੋਜ਼ ਰਾਤ ਨੂੰ ਕੁਝ ਮੁਸਲਮਾਨ ਆ ਕੇ ਚੋਰੀ ਛੱਪੀ ਕੈਂਪ ਦੀਆਂ ਜਵਾਨ ਕੁੜੀਆਂ ਨੂੰ ਚੁੱਕ ਕੇ ਲੈ ਜਾਂਦੇ ਸਨ ਅਤੇ ਦੂਸਰੀ ਭਲਕ ਸਵੇਰ ਸਾਰ ਵਾਪਸ ਛੱਡ ਜਾਂਦੇ ਸਨ। ਪੂਰੀਆਂ ਨੌਂ ਰਾਤਾਂ ਹੋ ਗਈਆਂ ਸਨ, ਉਸ ਨੂੰ ਰੋਜ਼ ਰਾਤੀਂ ਨਵੇਂ ਤੋਂ ਨਵੇਂ ਲੋਕਾਂ ਦੇ ਘਰ ਜਾਣਾ ਪੈਂਦਾ ਸੀ।"[10]*

ਇਸ ਤਰ੍ਹਾਂ ਇਸ ਨਾਵਲ ਵਿਚ ਪੂਰੋ ,ਕੰਮੋ ,ਤਾਰੋ ,ਝੱਲੀ ਅਤੇ ਲਾਜੋ ਆਦਿ ਇਸਤਰੀ ਪਾਤਰਾਂ ਰਾਹੀਂ ਲੇਖਿਕਾ ਸਦੀਆਂ ਤੋਂ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਤੇ ਉਹਨਾਂ ਉੱਤੇ ਢਾਏ ਜਾਂਦੇ ਜ਼ੁਲਮਾਂ ਨੂੰ ਆਪਣੇ ਪਾਠਕ ਵਰਗ ਨਾਲ ਸਾਂਝਾ ਕਰਨਾ ਚਾਹੁੰਦੀ ਹੈ। ਲੇਖਿਕਾ ਦਾ ਮੰਤਵ ਅਜਿਹੇ ਦੁਖਾਂਤਕ ਪੱਖਾਂ ਉੱਤੇ ਚਾਨਣਾ ਪਾ ਕੇ ਪਾਠਕ ਵਰਗ ਨੂੰ ਸੁਚੇਤ ਕਰਨਾ ਅਤੇ ਭੱਵਿਖ ਵਿਚ ਅਜਿਹੀਆਂ ਅਣਹੋਣੀਆਂ ਘਟਨਾਵਾਂ ਦੇ ਵਾਪਰਨ ਤੋਂ ਰੋਕਣ ਲਈ ਚੇਤੰਨ ਕਰਨਾ ਹੈ। ਔਰਤ ਦੀ ਆਵਾਜ਼ ਔਰਤ ਦੀ ਚੀਸ ਨੂੰ ਸ਼ਾਬਦਿਕ ਕਲਾ ਰਾਹੀਂ ਬਿਆਨਣ ਵਾਲੀ ਇਸਤਰੀ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ 31 ਅਕਤੂਬਰ 2005 ਨੂੰ

ਸਦਾ ਲਈ ਇਸ ਸੰਸਾਰ ਨੂੰ ਅਲਵਿਦਾ ਆਖ ਗਈ, ਪਰ ਆਪਣੀਆਂ ਸਾਹਿਤਕ ਰਚਨਾਵਾਂ ਦੁਆਰਾ ਹਮੇਸ਼ਾ ਪਾਠਕਾਂ ਦੇ ਹਿਰਦੇ ਵਿਚ ਵੱਸਦੀ ਰਹੀ ਹੈ ਤੇ ਵੱਸਦੀ ਰਹੇਗੀ।

## *ਹਵਾਲੇ ਅਤੇ ਟਿੱਪਣੀਆਂ*


1. *ਡਾਕਟਰ ਰਾਜਿੰਦਰ ਸਿੰਘ ਸੇਖੋਂ ,ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ (ਆਦਿ ਕਾਲ ਤੋਂ ਸਮਕਾਲ ਤੱਕ), ਲਾਹੌਰ ਬੁਕ ਸ਼ਾਪ, ਲੁਧਿਆਣਾ, 2014 ,ਪੰਨਾ- 535*
2. *ਅੰਮ੍ਰਿਤਾ ਪ੍ਰੀਤਮ, ਪਿੰਜਰ ,ਸ੍ਰੀ ਪ੍ਰਕਾਸ਼ਨ ਦਿੱਲੀ, 2022, ਪੰਨਾ -5*
3. *ਉਹੀ, ਪੰਨਾ -15*
4. *ਉਹੀ, ਪੰਨਾ -16,17*
5. *ਉਹੀ, ਪੰਨਾ -33*
6. *ਉਹੀ, ਪੰਨਾ- 33*
7. *ਉਹੀ, ਪੰਨਾ -34*
8. *ਉਹੀ, ਪੰਨਾ -40*
9. *ਉਹੀ, ਪੰਨਾ -29*
10. *ਉਹੀ, ਪੰਨਾ -62*